## TRANSLATED COPY OF N.O.C. FROM AN AUTHORIZED TRANSLATOR

No.: 3/72/2018-3Edu3/1371851/1
Punjab Government
Education Department
(Education-3 Branch)

To,

The Principal,
**Saraswati Convent School,**
Tilla Road, Maur Mandi,
District Bathinda (Punjab)

Dated: Chandigarh 11-12-2018

Sub: Issuance of N.O.C. to Saraswati Convent School, Tilla Road, Maur Mandi, District Bathinda (Punjab) to get affiliation from C.B.S.E., New Delhi reg.

Sir,

In response to the subject cited above –
The documents alongwith Affidavit submitted by the school management, taking into consideration the recommendations by the D.E.O. (S.E.), Bathinda and the Director, Education Department (S.E.), Punjab, Chandigarh, the desired N.O.C. is issued by the Punjab Government, subject to the following conditions –

1. The N.O.C. can be withdrawn at any time in future, if it is found that on the basis of complaint/ inspection, the institution has made application for grant of N.O.C. on the basis of wrong information or if the institution found guilty to obey the guidelines issued by the Punjab Government from time to time; similarly found guilty to obey the conditions mentioned in the Affidavit etc., NOC can be withdrawn at any time.
2. Teaching of Punjabi upto Matriculation Standard should be made compulsory and C.B.S.E. New Delhi also ensures to take exam. of Punjabi in such schools on compulsory basis and it is also made very clear that in the event of non-compliance of the same, N.O.C. will be withdrawn immediately.
3. The school management will obey the rules of R.T.E. Act 2009 vide Notification issued by Punjab Government and R.T.E. Act-2009 made for Punjab State, as it is.
4. After grant of affiliation with C.B.S.E., the school management will also undertake to pay salary & other allowances to the teaching and non-teaching staff as per grade applicable to the Govt. employees through bank transfer, failing which N.O.C. will be withdrawn immediately.
5. You and your management will also ensure and undertake to submit the information to the D.E.O. of your District or Senior Official of Education Department as demanded by them from time to time and also extend them full co-operation in the matter, failing which N.O.C. will be withdrawn immediately.
6. Children security, Public Health & Sanitation and other conditions of the NOC will be inspected by the officials of the Government of Punjab from time to time.

Contd..2..

Principal
SARASWATI CONVENT SCHOOL
MAUR MANDI (BTI.)
Affiliated to CBSE, NEW DELHI.
Affiliation No.: 1631257
SCHOOL CODE: 21246

Chairman
Saraswati Convent School
Maur Mandi (BTI.)

7. The school management will obey the guidelines issued by the Punjab Govt. vide Letter No. 2/93/2009/3Edu3/1360154 dated 26.11.2018 as it is.

Sd-
DeputySecretary School Education
Dated, Chandigarh 15/02/2019

Ref. No. 3/72/2018-3Edu3

Copy to the Director, Education Department (Sec.Edu.), Punjab, Chandigarh – with reference to their memo no. 370031 Surf 15/43-2018-Grant-cum-Pan-1(6)/201845514, Dated 01.10.2018, it is requested that above mentioned school must be inspected atleast once within five years and report to be send to the Punjab Govt. so that it known that the concerned school is following the conditions issued by the Punjab Government, as it is.

2. One copy of the file, in original, of Saraswati Convent School, Tilla Road, Maur Mandi, District Bathinda (Punjab), is retuned herewith.

Sd-
Deputy Secretary School Education

Internal Distribution:

1. Personal Secretary/ Education Minister, Punjab.
2. Personal Assistant/ Secretary, School Education, Punjab.
3. Personal Assistant/ Special Secretary, School Education, Punjab.
4. Steno/ Personal Assistant/ Deputy Secretary, School Education, Punjab.
5. Recorder, Education Division-3

Principal
SARASWATI CONVENT SCHOOL
MAUR MANDI (BTI.)
Affiliated to CBSE, NEW DELHI.
Affiliation No. : 1631257
SCHOOL CODE : 21246

Chairman
Saraswati Convent School
Maur Mandi (BTI.)

ਨੰ. 3/72/2018-3ਸਿ3/137185/1

**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

**(ਸਿੱਖਿਆ-3 ਸ਼ਾਖਾ)**

ਸੇਵਾ ਵਿਖੇ

ਪ੍ਰਿੰਸੀਪਲ,
ਸਰਸਵਤੀ ਕਾਨਵੈਂਟ ਸਕੂਲ,
ਟਿੱਲਾ ਰੋਡ, ਮੌੜ ਮੰਡੀ (ਬਠਿੰਡਾ)

ਮਿਤੀ ਚੰਡੀਗੜ੍ਹ 11/12/2019

ਵਿਸ਼ਾ:- **ਸਰਸਵਤੀ ਕਾਨਵੈਂਟ ਸਕੂਲ, ਟਿੱਲਾ ਰੋਡ, ਮੌੜ ਮੰਡੀ (ਬਠਿੰਡਾ) (Saraswati Convent School, Tilla Road, Near Baba Bangali Kutia, Maur Mandi, Bathinda) ਨੂੰ ਸੀ.ਬੀ.ਐਸ.ਈ. ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲੈਣ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

******

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2 ਸਕੂਲ ਦੀ ਮੈਨੇਜਮੈਂਟ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਸਮੇਤ ਚਲਦੀਆਂ ਫਾਇਲਾਂ, ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਚੰਡੀਗੜ੍ਹ ਦੀਆਂ ਸਿਫਾਰਸ਼ਾਂ ਨੂੰ ਗਹੁ ਨਾਲ ਵਿਚਾਰਨ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਲੋੜੀਂਦਾ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਦਿੱਤਾ ਜਾਂਦਾ ਹੈ:-

1. ਭਵਿੱਖ ਵਿਚ ਕਿਸੇ ਵੀ ਸ਼ਿਕਾਇਤ/ਇੰਸਪੈਕਸ਼ਨ ਹੋਣ ਤੇ ਜੇਕਰ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਆਪ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਮੇਂ ਸਰਕਾਰ ਨੂੰ ਗਲਤ ਸੂਚਨਾ ਦੇ ਆਧਾਰ ਤੇ ਦਰਖਾਸਤ ਦਿੱਤੀ ਗਈ ਹੈ ਅਤੇ ਜਾਂ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਆਪ ਵੱਲੋਂ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਇਸ ਤਰ੍ਹਾਂ ਚਲਦੀਆਂ ਫਾਇਲਾਂ ਵਿੱਚ ਦਿੱਤੀਆਂ ਲਿਖਤੀ ਸ਼ਰਤਾਂ ਨੂੰ ਨਹੀਂ ਮੰਨਿਆ ਜਾਂਦਾ, ਤਾਂ ਅਜਿਹੇ ਹਾਲਤ ਵਿੱਚ ਕਿਸੇ ਵੀ ਸਮੇਂ ਇਹ ਇਤਰਾਜਹੀਣਤਾ ਸਰਟੀਫਿਕੇਟ ਵਾਪਸ ਲਿਆ ਜਾ ਸਕਦਾ ਹੈ।

2 ਆਪ ਦੇ ਸਕੂਲ ਵਿੱਚ ਪੰਜਾਬੀ ਨੂੰ ਪੜ੍ਹਾਉਣਾ ਦਸਵੀਂ ਪੱਧਰ ਤੱਕ ਲਾਜ਼ਮੀ ਹੋਵੇਗਾ ਅਤੇ ਸੀ.ਬੀ.ਐਸ.ਈ. ਨਵੀਂ ਦਿੱਲੀ ਅਜਿਹੇ ਸਕੂਲਾਂ ਵਿੱਚ ਪੰਜਾਬੀ ਦਾ ਇਮਤਿਹਾਨ ਲੈਣ ਦਾ ਉਪਰਾਲਾ ਲਾਜ਼ਮੀ ਕਰੇਗਾ ਅਤੇ ਇਸ ਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

3. ਸਕੂਲ ਮੈਨੇਜਮੈਂਟ, ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਆਰ.ਟੀ.ਈ. ਐਕਟ 2009 ਦੇ ਤਹਿਤ ਜਾਰੀ ਕੀਤੇ ਨੋਟੀਫਿਕੇਸ਼ਨ ਅਤੇ ਪੰਜਾਬ ਰਾਜ ਲਈ ਬਣਾਏ ਆਰ.ਟੀ.ਈ. ਐਕਟ 2009 ਦੇ ਰੂਲਾਂ ਦੀ ਇੰਨ-ਬਿੰਨ ਪਾਲਣਾ ਕਰੇਗੀ।

Principal
SARASWATI CONVENT SCHOOL
MAUR MANDI (BTI.)
Affiliated to CBSE, NEW DELHI.
Affiliation No. : 1631257
SCHOOL CODE : 21246

Chairman
Saraswati Convent School
Maur Mandi (BTI.)

4. ਸੀ.ਬੀ.ਐਸ.ਈ ਨਵੀਂ ਦਿੱਲੀ ਦੀ ਐਫੀਲੀਏਸ਼ਨ ਲੈਣ ਉਪਰੰਤ ਸਕੂਲ ਦੀ ਮੈਨੇਜਮੈਂਟ ਸਕੂਲ ਦੇ ਟੀਚਿੰਗ ਸਟਾਫ ਅਤੇ ਨਾਨ ਟੀਚਿੰਗ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਵਾਂਗ ਤਨਖਾਹ ਅਤੇ ਹੋਰ ਭੱਤੇ ਆਦਿ ਅਕਾਊਂਟ ਪੇਈ ਚੈਕਾਂ ਰਾਹੀਂ ਦੇਣ ਲਈ ਵਚਨਬੱਧ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

5. ਤੁਸੀਂ ਖੁਦ ਤੇ ਤੁਹਾਡੀ ਮੈਨੇਜਮੈਂਟ ਇਹ ਵੀ ਯਕੀਨੀ ਬਣਾਏਗੀ ਕਿ ਤੁਹਾਡੇ ਜਿਲ੍ਹੇ ਦੇ ਸਿੱਖਿਆ ਅਫਸਰ ਵੱਲੋਂ ਜਾਂ ਸਿੱਖਿਆ ਵਿਭਾਗ ਦੇ ਕਿਸੇ ਸੰਬੰਧਿਤ ਅਧਿਕਾਰੀ ਵੱਲੋਂ ਜਦੋਂ ਵੀ ਕਿਸੇ ਤਰ੍ਹਾਂ ਦੀ ਸੂਚਨਾ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਸਨੂੰ ਲੋੜੀਂਦੀ ਸੂਚਨਾ ਉਪਲੱਬਧ ਕਰਵਾਈ ਜਾਵੇਗੀ ਅਤੇ ਨਾਲ ਹੀ ਲੋੜੀਂਦਾ ਸਹਿਯੋਗ ਵੀ ਦਿੱਤਾ ਜਾਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

6. ਬੱਚਿਆਂ ਦੀ ਸੁਰੱਖਿਆ, ਪਬਲਿਕ ਹੈਲਥ ਸੈਨੀਟੇਸ਼ਨ ਅਤੇ ਹੋਰ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਦੀਆਂ ਸ਼ਰਤਾਂ ਦਾ ਸਮੇਂ -2 ਨਿਰੀਖਣ ਪੰਜਾਬ ਸਰਕਾਰ ਦੇ ਅਧਿਕਾਰੀਆਂ ਵੱਲੋਂ ਕੀਤਾ ਜਾਵੇਗਾ।

7. ਪੰਜਾਬ ਸਰਕਾਰ ਵੱਲੋਂ ਪੱਤਰ ਨੰ:2/93/2009/3ਸਿ3/1360154 ਮਿਤੀ 26.11.2018 ਰਾਹੀਂ ਜਾਰੀ ਕੀਤੀਆਂ ਗਾਈਡਲਾਈਨਜ਼ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਉਪ ਸਕੱਤਰ, ਸਕੂਲ ਸਿੱਖਿਆ

ਪਿ:ਅੰ:ਨੰ: 3/72/2018-3ਸਿ3 ਮਿਤੀ, ਚੰਡੀਗੜ੍ਹ:

ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਮੀਮੋ ਨੰ. 370031 ਸਕਦ 15/43-2018-ਗ੍ਰਾਂਟ-ਕਮ-ਪੈਨ-1(6)/201845514 ਮਿਤੀ 01.10.2018 ਦੇ ਹਵਾਲੇ ਵਿੱਚ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਸਕੂਲ ਦੀ ਹਰ ਪੰਜ ਸਾਲ ਵਿੱਚ ਘੱਟੋ-ਘੱਟ ਇਕ ਵਾਰ ਇੰਸਪੈਕਸ਼ਨ ਹਰ ਹਾਲਤ ਵਿੱਚ ਕਰਵਾਈ ਜਾਵੇ ਅਤੇ ਇੰਸਪੈਕਸ਼ਨ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ। ਸਬੰਧਤ ਸਕੂਲ ਤੋਂ ਉਪਰੋਕਤ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

2. ਸਰਸਵਤੀ ਕਾਨਵੈਂਟ ਸਕੂਲ, ਟਿੱਲਾ ਰੋਡ, ਮੌੜ ਮੰਡੀ (ਬਠਿੰਡਾ) ਦੀ ਮਿਸਲ ਮੂਲ ਰੂਪ ਵਿੱਚ ਵਾਪਸ ਭੇਜੀ ਜਾਂਦੀ ਹੈ।

ਉਪ ਸਕੱਤਰ, ਸਕੂਲ ਸਿੱਖਿਆ

**ਅੰਦਰੂਨੀ ਵੰਡ:**

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਹਾਇਕ/ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ, ਪੰਜਾਬ।
4. ਸਟੈਨੋ/ਨਿੱਜੀ ਸਹਾਇਕ/ਉਪ ਸਕੱਤਰ, ਸਕੂਲ ਸਿੱਖਿਆ।
5. ਰਿਕਾਰਡਰ ਸਿੱਖਿਆ-3 ਸ਼ਾਖਾ।

Principal
SARASWATI CONVENT SCHOOL
MAUR MANDI (BTI.)
Affiliated to CBSE, NEW DELHI.
Affiliation No. : 1631257
SCHOOL CODE : 21246

Chairman
Saraswati Convent School
Maur Mandi (BTI.)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਹੁਕਮ ਨੰ. 3/72/2018-3ਸਿ3 /1430778/1
ਮਿਤੀ, ਚੰਡੀਗੜ੍ਹ:: 28/2/2019

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਬਠਿੰਡਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਮੋਹਾਲੀ ਰਾਹੀਂ ਪ੍ਰਾਪਤ ਹੋਈ ਆਪ ਦੀ ਪ੍ਰਤੀਬੇਨਤੀ ਨੂੰ ਗਹੁ ਨਾਲ ਘੋਖਣ ਉਪਰੰਤ Saraswati Convent School, Tilla Road, Near Baba Bangali Kutia, Maur Mandi, Bathinda ਨੂੰ ਸੀਨੀਅਰ ਸੈਕੰਡਰੀ ਤੱਕ ਦੀ ਮਾਨਤਾ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1. ਸਕੂਲ The Right of Children to Free and Compulsory Education Act, 2009 ਦੀ ਪਾਲਣਾ ਕਰੇਗਾ।
2. ਸਕੂਲ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਏਗਾ।
3. ਕਿਸੇ ਵੀ ਸਟੇਜ ਤੇ ਤੱਥਾਂ ਦੇ ਗਲਤ ਸਾਬਤ ਹੋਣ ਦੀ ਸੂਰਤ ਵਿੱਚ ਇਹ ਮਾਨਤਾ ਰੱਦ ਕੀਤੀ ਜਾਵੇਗੀ।
4. ਸਕੂਲ ਵਲੋਂ ਸੀਨੀਅਰ ਸੈਕੰਡਰੀ ਸਕੂਲ ਦੇ ਪੱਧਰ ਦੀ ਬਣਦੀ ਪ੍ਰੋਸੈਸਿੰਗ ਫੀਸ ਚਲਾਨ ਮਿਤੀ 22.05.2018 ਨੂੰ 30,400/- ਰੁ.; ਮਿਤੀ 29.11.2018 ਨੂੰ 61,600/-ਰੁਪਏ ਅਤੇ ਮਿਤੀ 15.2.19 ਨੂੰ 9000 ਰੁਪਏ ਰਾਹੀਂ ਕੁੱਲ 1, 01,000/-ਰੁਪਏ ਜਮ੍ਹਾ ਕਰਵਾ ਦਿੱਤੀ ਗਈ ਹੈ।

Sd/-
ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿ.ਅੰ.ਨੰ. 3/72/2018-3ਸਿ3 ਮਿਤੀ, ਚੰਡੀਗੜ੍ਹ:

ਉਪਰਕੋਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ, ਮੋਹਾਲੀ।
2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬਠਿੰਡਾ।

ਸੁਪਰਡੰਟ

Principal
SARASWATI CONVENT SCHOOL
MAUR MANDI (BTI.)
Affiliated to CBSE, NEW DELHI.
Affiliation No. : 1631257
SCHOOL CODE : 21246

Chairman
Saraswati Convent School
Maur Mandi (BTI.)